**ਵਿੱਦਿਅਕ ਵਰ੍ਹਾ (2025-26)**
**ਜਮਾਤ-ਬਾਰ੍ਹਵੀਂ, ਪੰਜਾਬੀ ਚੋਣਵੀਂ**
**ਪ੍ਰਸ਼ਨ-ਪੱਤਰ ਦੀ ਰੂਪ-ਰੇਖਾ**

**ਸਮਾਂ : 3 ਘੰਟੇ** **ਅੰਕ:80**

**ਨੋਟ :** 1. ਪ੍ਰਸ਼ਨ-ਪੱਤਰ ਦੇ ਕੁੱਲ 8 ਪ੍ਰਸ਼ਨ ਹੋਣਗੇ।
2. ਸਾਰੇ ਪ੍ਰਸ਼ਨ ਜ਼ਰੂਰੀ ਹਨ।
3. ਵਸਤੂਨਿਸ਼ਠ ਪ੍ਰਸ਼ਨ ਦੇ ਚਾਰ ਭਾਗ (ੳ),(ਅ),(ੲ) ਅਤੇ (ਸ) ਹੋਣਗੇ। ਹਰੇਕ ਭਾਗ ਵਿੱਚ ਪੰਜ ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ।

**ਪ੍ਰਸ਼ਨ 1. ਵਸਤੂਨਿਸ਼ਠ ਪ੍ਰਸ਼ਨ** **20×1=20**

**ਭਾਗ (ੳ) :** ਇਸ ਵਿੱਚ ਇੱਕ-ਦੋ ਸ਼ਬਦਾਂ ਵਿੱਚ ਉੱਤਰ ਲਿਖਣ ਵਾਲ਼ੇ 5 ਪ੍ਰਸ਼ਨ ਹੋਣਗੇ।ਦੋ ਪ੍ਰਸ਼ਨ 'ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)' ਵਿੱਚੋਂ, ਇੱਕ ਪ੍ਰਸ਼ਨ 'ਆਪ-ਬੀਤੀਆਂ' ਵਿੱਚੋਂ, ਇੱਕ ਪ੍ਰਸ਼ਨ ਸਾਹਿਤ-ਰੂਪਾਂ ਵਿੱਚੋਂ ਅਤੇ ਇੱਕ ਪ੍ਰਸ਼ਨ ਛੰਦ/ਅਲੰਕਾਰ/ਰਸ ਨਾਲ਼ ਸੰਬੰਧਿਤ ਹੋਵੇਗਾ

**ਭਾਗ (ਅ) :** ਇਸ ਵਿੱਚ ਬਹੁ-ਚੋਣਵੇਂ ਉੱਤਰਾਂ ਵਾਲ਼ੇ 5 ਪ੍ਰਸ਼ਨ ਹੋਣਗੇ।ਦੋ ਪ੍ਰਸ਼ਨ 'ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)' ਵਿੱਚੋਂ, ਇੱਕ ਪ੍ਰਸ਼ਨ 'ਆਪ-ਬੀਤੀਆਂ' ਵਿੱਚੋਂ, ਇੱਕ-ਇੱਕ ਪ੍ਰਸ਼ਨ ਸਾਹਿਤ-ਰੂਪਾਂ ਅਤੇ ਛੰਦ/ਅਲੰਕਾਰ/ਰਸ ਨਾਲ਼ ਸੰਬੰਧਿਤ ਹੋਵੇਗਾ।

**ਭਾਗ (ੲ) :** ਇਸ ਵਿੱਚ ਕਥਨ ਦੇ ਠੀਕ ਜਾਂ ਗਲਤ ਹੋਣ ਬਾਰੇ 5 ਪ੍ਰਸ਼ਨ ਹੋਣਗੇ।ਦੋ ਪ੍ਰਸ਼ਨ 'ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)' ਵਿੱਚੋਂ, ਇੱਕ ਪ੍ਰਸ਼ਨ 'ਆਪ-ਬੀਤੀਆਂ' ਵਿੱਚੋਂ, ਇੱਕ-ਇੱਕ ਪ੍ਰਸ਼ਨ 'ਸਾਹਿਤ-ਬੋਧ' ਵਿੱਚੋਂ ਸਾਹਿਤ-ਰੂਪਾਂ ਅਤੇ ਛੰਦ/ਅਲੰਕਾਰ/ਰਸ ਬਾਰੇ ਹੋਵੇਗਾ।

**ਭਾਗ (ਸ) :** ਇਸ ਵਿੱਚ ਸ਼ਾਮਲ 5 ਪ੍ਰਸ਼ਨਾਂ ਵਿੱਚ ਖਾਲੀ ਥਾਵਾਂ ਭਰਨ ਲਈ ਕਿਹਾ ਜਾਵੇਗਾ।ਦੋ ਪ੍ਰਸ਼ਨ 'ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)' ਵਿੱਚੋਂ, ਇੱਕ ਪ੍ਰਸ਼ਨ 'ਆਪ-ਬੀਤੀਆਂ' ਵਿੱਚੋਂ, ਇੱਕ-ਇੱਕ ਪ੍ਰਸ਼ਨ 'ਸਾਹਿਤ-ਬੋਧ' ਵਿੱਚੋਂ ਸਾਹਿਤ-ਰੂਪਾਂ ਅਤੇ ਛੰਦ/ਅਲੰਕਾਰ/ਰਸ ਬਾਰੇ ਹੋਵੇਗਾ।

ਇਹ ਵਸਤੂਨਿਸ਼ਠ ਪ੍ਰਸ਼ਨ ਬੋਰਡ ਵੱਲੋਂ ਵਿਸ਼ੇ ਦੀਆਂ ਨਿਰਧਾਰਿਤ ਪਾਠ-ਪੁਸਤਕਾਂ ਵਿੱਚੋਂ ਲੁੜੀਂਦੇ ਅਨੁਪਾਤ ਅਨੁਸਾਰ ਹੋਣਗੇ।

**ਪ੍ਰਸ਼ਨ 2.** ਇਸ ਪ੍ਰਸ਼ਨ ਵਿੱਚ 'ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)' ਪਾਠ-ਪੁਸਤਕ ਦੇ ਸੂਫ਼ੀ-ਕਾਵਿ ਅਤੇ ਗੁਰਮਤਿ-ਕਾਵਿ ਵਿੱਚੋਂ ਇੱਕ-ਇੱਕ ਰਚਨਾ ਦੇ ਕਾਵਿ-ਅੰਸ਼ ਦੇ ਕੇ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ। ਪ੍ਰਸੰਗ ਲਈ 2 ਅਤੇ ਵਿਆਖਿਆ ਲਈ 5 ਅੰਕ ਹੋਣਗੇ। **2+5=7**

**ਪ੍ਰਸ਼ਨ 3.** ਇਸ ਪ੍ਰਸ਼ਨ ਵਿੱਚ 'ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)' ਪਾਠ-ਪੁਸਤਕ ਦੇ ਸੂਫ਼ੀ-ਕਾਵਿ ਅਤੇ ਗੁਰਮਤਿ-ਕਾਵਿ ਵਿੱਚੋਂ ਇੱਕ-ਇੱਕ ਰਚਨਾ ਦਾ ਨਾਂ ਦੇ ਕੇ ਕਿਸੇ ਇੱਕ ਰਚਨਾ/ਕਵਿਤਾ ਦਾ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ। 03

**ਪ੍ਰਸ਼ਨ 4.** ਇਸ ਭਾਗ ਵਿੱਚ 'ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)' ਪਾਠ-ਪੁਸਤਕ ਦੇ ਕਿੱਸਾ-ਕਾਵਿ ਅਤੇ ਬੀਰ-ਕਾਵਿ ਨਾਲ਼ ਸੰਬੰਧਿਤ ਪਾਠ-ਅਭਿਆਸਾਂ ਵਿੱਚੋਂ ਦੋ ਪ੍ਰਸ਼ਨ ਦੇ ਕੇ ਕਿਸੇ ਇੱਕ ਪ੍ਰਸ਼ਨ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 10

**ਪ੍ਰਸ਼ਨ 5.** 'ਆਪ-ਬੀਤੀਆਂ' ਪਾਠ-ਪੁਸਤਕ ਦੇ ਸ੍ਵੈਜੀਵਨੀ-ਅੰਸ਼ਾਂ ਵਿੱਚੋਂ ਇੱਕ ਪੈਰਾ ਦੇ ਕੇ ਉਸ ਨਾਲ਼ ਸੰਬੰਧਿਤ ਤਿੰਨ ਪ੍ਰਸ਼ਨ ਪੁੱਛੇ ਜਾਣਗੇ।ਪਹਿਲਾ ਪ੍ਰਸ਼ਨ ਦੋ ਅੰਕਾਂ ਦਾ ਹੋਵੇਗਾ ਅਤੇ ਇਸ ਵਿੱਚ ਸ੍ਵੈਜੀਵਨੀ-ਅੰਸ਼ ਦਾ ਨਾਂ ਅਤੇ ਲੇਖਕ ਦਾ ਨਾਂ ਪੁੱਛਿਆ ਜਾਵੇਗਾ। ਅਗਲੇ ਦੋ ਪ੍ਰਸ਼ਨ ਇੱਕ-ਇੱਕ ਅੰਕ ਦੇ ਪੈਰਾ-ਆਧਾਰਿਤ ਹੋਣਗੇ। **2+1+1=4**

**ਪ੍ਰਸ਼ਨ 6.** 'ਆਪ-ਬੀਤੀਆਂ' ਪਾਠ-ਪੁਸਤਕ ਦੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਅੱਠ ਪ੍ਰਸ਼ਨ ਦੇ ਕੇ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਕਿਹਾ ਜਾਵੇਗਾ।ਹਰੇਕ ਪ੍ਰਸ਼ਨ ਦਾ ਉੱਤਰ 4 ਅੰਕਾਂ ਦਾ ਹੋਵੇਗਾ। **5×4=20**

**ਪ੍ਰਸ਼ਨ 7.** 'ਸਾਹਿਤ-ਬੋਧ' ਪਾਠ-ਪੁਸਤਕ ਵਿੱਚੋਂ ਕੋਈ ਤਿੰਨ ਸਾਹਿਤ-ਰੂਪ ਦੇ ਕੇ ਕਿਸੇ ਇੱਕ ਬਾਰੇ ਨੋਟ ਲਿਖਣ ਲਈ ਕਿਹਾ ਜਾਵੇਗਾ।ਇਸ ਵਿੱਚ ਸੰਬੰਧਿਤ ਸਾਹਿਤ-ਰੂਪ ਦੀ ਮੌਲਿਕ ਪਰਿਭਾਸ਼ਾ ਦੇਣ ਲਈ 2 ਅੰਕ, ਉਸ ਦੇ ਤੱਤ/ਵਿਸ਼ੇਸ਼ਤਾਵਾਂ ਦੇ 4 ਅੰਕ ਅਤੇ ਉਸ ਸਾਹਿਤ-ਰੂਪ ਨਾਲ਼ ਸੰਬੰਧਿਤ ਪੰਜਾਬੀ ਦੇ ਕਿਸੇ ਦੋ ਲੇਖਕਾਂ/ਰਚਨਾਵਾਂ ਦੇ ਨਾਂ ਲਿਖਣ ਦਾ 1 ਅੰਕ ਹੋਵੇਗਾ। **2+4+1=7**

**ਪ੍ਰਸ਼ਨ 8.** 'ਸਾਹਿਤ-ਬੋਧ' ਪੁਸਤਕ ਵਿੱਚੋਂ ਛੰਦ, ਅਲੰਕਾਰ, ਰਸ ਨਾਲ਼ ਸੰਬੰਧਿਤ ਇਸ ਪ੍ਰਸ਼ਨ ਦੇ ਤਿੰਨ ਭਾਗ (ੳ),(ਅ) ਅਤੇ (ੲ) ਹੋਣਗੇ। ਵਿਦਿਆਰਥੀ ਨੇ ਸਾਰੇ ਭਾਗਾਂ ਦਾ ਉੱਤਰ ਦੇਣਾ ਹੋਵੇਗਾ। ਹਰੇਕ ਭਾਗ ਵਿੱਚ ਅੰਦਰੂਨੀ ਛੋਟ ਹੋਵੇਗੀ। **3+3+3=9**